ਡਿਜੀਟਲ ਦੋਮਾਹੀ ਪੱਤਰ ਅੰਕ : 1, ਨੰ: 5 (ਮਾਰਚ - ਅਪ੍ਰੈਲ, 2021)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

Vol 1, No 5, (March-April, 2021) 'PASHU PALAN SUNEHE' ਅੰਕ 1, ਨੰ 5 (ਮਾਰਚ - ਅਪ੍ਰੈਲ, 2021)

**ਸੰਪਾਦਕੀ ਬੋਰਡ**

ਚੇਅਰਮੈਨ :

ਡਾ. ਪ੍ਰਕਾਸ਼ ਸਿੰਘ ਬਰਾੜ

ਨਿਰਦੇਸ਼ਕ ਪਸਾਰ ਸਿੱਖਿਆ

ਮੈਂਬਰ :

ਡਾ. ਸੁਰੇਸ਼ ਕੁਮਾਰ ਕਾਂਸ਼ਲ

ਡਾ. ਮੀਰਾ ਡੀ ਆਂਸਲ

ਡਾ. ਪ੍ਰਲਾਦ ਸਿੰਘ ਤਨਵਰ

ਡਾ. ਐੱਸ ਸ਼ਿਵਾ ਕੁਮਾਰ

ਸੰਪਾਦਕ :

ਡਾ. ਰਾਕੇਸ਼ ਕੁਮਾਰ ਸ਼ਰਮਾ

ਡਾ. ਜਸਵਿੰਦਰ ਸਿੰਘ

ਡਾ. ਹਰਪ੍ਰੀਤ ਸਿੰਘ

ਸੰਪਰਕ :


ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ ਅਤੇ
ਐਨੀਮਲ ਸਾਇੰਸਜ਼, ਯੂਨੀਵਰਸਿਟੀ
ਲੁਧਿਆਣਾ

0161-2553364
deegadvasuldh@gmail.com


Visit & Subscribe -
youTube channel :
gadvasu farmer friendly e-extension

## ਖੁਰਾਕ ਅਤੇ ਦੁੱਧ ਦਾ ਰਿਸ਼ਤਾ

ਉਗਾਲ਼ੀ ਕਰਨ ਵਾਲੇ ਪਾਲਤੂ ਪਸ਼ੂਆਂ ਦੇ ਪੇਟ ਦੇ ਚਾਰ ਭਾਗ ਹੁੰਦੇ ਹਨ- ਰੂਮਨ, ਰੈਟੀਕੁਲਮ, ਉਮੇਸਮ ਅਤੇ ਐਬਉਮੇਸਮ। ਰੂਮਨ ਵਿਚਲੇ ਸੂਖਮ ਜੀਵ ,ਪਸ਼ੂ ਨੂੰ ਦਿੱਤੀ ਜਾਂਦੀ ਖੁਰਾਕ ਨੂੰ ਤੋੜ ਕੇ ਆਪਣੀ ਖੁਰਾਕ ਬਣਾਉਣ ਲਈ ਵਰਤਦੇ ਹਨ।ਇਸ ਪ੍ਰਕਿਰਿਆਂ ਵਿੱਚ ਤਿੰਨ ਉੜਣਸੀਲ ਤੇਲ ਬਣਦੇ ਹਨ- ਐਸਟਿਕ ਐਸਿਡ, ਪ੍ਰੋਪਾਇਨਕ ਐਸਿਡ ਅਤੇ ਬਿਉਟਾਰਿਕ ਐਸਿਡ





- ਜ਼ਿਆਦਾ ਪ੍ਰੋਪਾਇਨਕ ਐਸਿਡ - ਜ਼ਿਆਦਾ ਦੁੱਧ
- ਜ਼ਿਆਦਾ ਐਸਟਿਕ ਐਸਿਡ - ਜ਼ਿਆਦਾ ਦੁੱਧ ਵਿਚਲੀ ਫੈਟ
- ਜ਼ਿਆਦਾ ਵੰਡ - ਜ਼ਿਆਦਾ ਪ੍ਰੋਪਾਇਨਕ ਐਸਿਡ
- ਜ਼ਿਆਦਾ ਰੇਸ਼ੇਦਾਰ ਖੁਰਾਕ - ਜ਼ਿਆਦਾ ਐਸਟਿਕ ਐਸਿਡ
- ਦੁੱਧ ਦੀ ਮਾਤਰਾ ਤੇ ਫੈਟ ਇੱਕ ਦੂਜੇ ਦੇ ਉਲਟ
- ਸੋ ਵੱਧ ਅਤੇ ਵਧੀਆ ਫੈਟ ਵਾਲਾ ਦੁੱਧ ਲੈਣ ਲਈ ਪਸ਼ੂ ਦੀ ਖੁਰਾਕ ਵਿੱਚ ਦੋਵੇਂ ਚੀਜ਼ਾਂ-ਵੰਡ ਅਤੇ ਹਰਾ ਚਾਰਾ ਹੋਣਾ ਬਹੁਤ ਜ਼ਰੂਰੀ ਹੈ।



# ਪਸ਼ੂਆਂ ਦੇ ਪੇਟ ਦੇ ਅਕਾਰ ਤੋਂ ਸੰਭਾਵਿਤ ਬਿਮਾਰੀ ਦਾ ਪਤਾ ਲਗਾਉਣਾ

ਪਸ਼ੂ ਦੇ ਪਿੱਛੇ ਖੜੇ ਹੋ ਕੇ ਪਸ਼ੂ ਵੱਲ ਨੂੰ ਵੇਖੋ, ਕਿ ਤੁਹਾਨੂੰ ਪਸ਼ੂ ਦਾ ਕਿਸ ਤਰਾਂ ਦਾ ਅਕਾਰ ਦਿਸਦਾ ਹੈ । ਅਕਾਰ ਅਤੇ ਹੋਰ ਲੱਛਣਾ ਨੂੰ ਮਿਲਾ ਕੇ ਬਿਮਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ। ਉਪਰਲੀਆਂ ਤਸਵੀਰਾਂ ਪਸ਼ੂ ਦੇ ਅਕਾਰ ਨੂੰ ਦਰਸਾਉਦੀਆਂ ਹਨ ਤੇ ਹੇਠਲੀਆਂ ਸੰਭਾਵਿਤ ਬਿਮਾਰੀ ਨੂੰ।




*(Source : Dr Andrew Niehaus)*

## ਕੀ ਤੁਸੀ ਜਾਣਦੇ ਹੋ ਕਿ ਸੰਸਾਰ ਦੀ ਸਭ ਤੋ ਜਿਆਦਾ ਡੂੰਘਾਈ 'ਚ ਸਥਿਤ ਡੇਅਰੀ ਫਾਰਮ ਕਿਥੇ ਹੈ?

ਸੰਸਾਰ ਦੀ ਸਭ ਤੋ ਜਿਆਦਾ ਡੂੰਘਾਈ 'ਚ ਸਥਿਤ ਡੇਅਰੀ ਫਾਰਮ ਇਜਰਾਇਲ ਦੇ ਕਬੂਟਜ਼ ਕਾਲਿਆ ਵਿੱਚ ਸਥਿਤ ਹੈ। ਇਹ ਦੁਨਿਆ ਦੇ ਸਭ ਤੋਂ ਖਾਰੇ ਸੰਮੁਦਰ (Dead Sea) ਦੇ ਉਤਰੀ ਕਿਨਾਰੇ ਤੇ ਸਥਿਤ ਹੈ। ਇਹ ਫਾਰਮ ਸਮੁੰਦਰ ਤੇ ਤਲ ਤੋਂ 423 ਮੀਟਰ ਥੱਲੇ ਹੈ। ਇਥੋ ਦਾ ਵਾਤਾਵਰਣ ਬਹੁਤ ਸਖਤ ਹੈ।ਗਰਮੀਆਂ ਵਿੱਚ ਇਹ 50 ਸੈਟੀਗਰੇਡ ਤੱਕ ਪਹੁੰਚ ਜਾਂਦਾ ਹੈ।



# ਪੋਲਟਰੀ ਵਿੱਚ ਮੁਨਾਫ਼ਾ ਵਧਾਉਣ ਲਈ ਇੰਨ੍ਹਾਂ 10 ਚੀਜ਼ਾਂ ਦਾ ਧਿਆਨ ਰੱਖੋ

1. ਮੁਰਗੀਆਂ ਨੂੰ ਹਮੇਸ਼ਾਂ ਸੰਤੁਲਿਤ ਖੁਰਾਕ ਦਿਓ ਅਤੇ ਪਾਣੀ ਦੇ ਬਰਤਨ ਰੋਜ਼ਾਨਾ ਸਾਫ਼ ਕਰੋ।

2. ਸ਼ੈੱਡ ਦੇ ਫ਼ਰਸ਼ ਨੂੰ ਸੁੱਕਾ ਰੱਖੋ ਅਤੇ ਮੁਰਗੀਆਂ ਨੂੰ ਅਰਾਮਦਾਇਕ ਜਗ੍ਹਾ ਉਪਲਬਧ ਕਰਾਓ।

3. ਆਪਣੇ ਫ਼ਾਰਮ ਨੂੰ ਚੂਹੇ, ਸੱਪਾਂ ਅਤੇ ਹੋਰ ਕਿਸਮਾਂ ਦੇ ਜੀਵਾਂ ਤੋਂ ਬਚਾਓ, ਜੋ ਪੰਛੀਆਂ ਨੂੰ ਮਾਰਦੇ ਹਨ ਅਤੇ ਬਿਮਾਰੀਆਂ ਫ਼ੈਲਾਉਂਦੇ ਹਨ।

4. ਆਪਣੇ ਆਪ ਜਾਂ ਆਪਣੇ ਅਮਲੇ ਤੋਂ ਇਲਾਵਾ ਕਿਸੇ ਨੂੰ ਵੀ ਫ਼ਾਰਮ ਵਿੱਚ ਕੰਮ ਕਰਨ ਦੀ ਇਜਾਜ਼ਤ ਨਾ ਦਿਓ। ਜੇ ਕੋਈ ਆਉਣਾ ਚਾਹੁੰਦਾ ਹੈ, ਤਾਂ ਉਸ ਦੀ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖੋ। ਆਪਣੇ ਹੱਥਾਂ ਅਤੇ ਪੈਰਾਂ ਦੀ ਸਫ਼ਾਈ ਕਰਕੇ ਫ਼ਾਰਮ ਵਿੱਚ ਦਾਖਲ ਹੋਵੋ।

5. ਹਵਾਦਾਰੀ ਦਾ ਵਿਸ਼ੇਸ਼ ਧਿਆਨ ਰੱਖੋ। ਗਰਮੀਆਂ ਵਿਚ ਫ਼ਾਰਮ ਦੇ ਪਰਦੇ ਉਤਾਰੋ ਅਤੇ ਪੱਖੇ ਲਗਾ ਕੇ ਫ਼ਾਰਮ ਵਿੱਚ ਗੈਸ ਇਕੱਠੀ ਨਾ ਹੋਵੇ। ਸਰਦੀਆਂ ਵਿੱਚ ਵੀ ਕੁੱਝ ਸਮੇਂ ਲਈ ਪਰਦੇ ਉਤਾਰੋ ਤਾਂ ਜੋ ਸਾਫ਼ ਹਵਾ ਫ਼ਾਰਮ ਦੇ ਅੰਦਰ ਆ ਸਕੇ।

6. ਐਂਟੀਬਾਇਓਟਿਕ ਦੀ ਵਰਤੋਂ ਘੱਟ ਤੋਂ ਘੱਟ ਕਰੋ । ਮੁਰਗੀਆਂ ਦੀ ਸਿਹਤ ਨੂੰ ਬਣਾਈ ਰੱਖਣ ਲਈ ਸਿਰਫ ਵਿਟਾਮਿਨ ਟੌਨਿਕ ਅਤੇ ਪ੍ਰੋਬਾਇਓਟਿਕ ਦਿਓ। ਪ੍ਰੋਬਾਇਓਟਿਕ ਅਜਿਹੀਆਂ ਦਵਾਈਆਂ ਹਨ ਜੋ ਮੁਰਗੀਆਂ ਦੀ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦੀਆਂ ਹਨ ਅਤੇ ਪਾਚਣ ਕਿਰਿਆ ਵਿਚ ਸੁਧਾਰ ਲਿਆਉਂਦੀਆਂ ਹਨ।


7. ਸਮੇਂ-ਸਮੇਂ 'ਤੇ ਮੁਰਗੀਆਂ ਨੂੰ ਵੈਕਸੀਨ ਲਗਾਓ। ਪੰਜਾਬ ਵਿੱਚ ਮੈਰਿਕਸ, ਗਮਬੋਰੋ ਅਤੇ ਰਾਣੀਖੇਤ ਲਈ ਵੈਕਸੀਨ ਦੇਣਾ ਬਹੁਤ ਜ਼ਰੂਰੀ ਹੈ।

8. ਜੇਕਰ ਕੋਈ ਮੁਰਗੀ ਬਿਮਾਰ ਦਿਖਾਈ ਦਿੰਦੀ ਹੈ ਜਾਂ ਹੋਰ ਮੁਰਗੀਆਂ ਤੋਂ ਵੱਖ ਰਹਿੰਦੀ ਹੈ, ਤਾਂ ਉਸ ਨੂੰ ਉਸੇ ਸਮੇਂ ਸਿਹਤਮੰਦ ਮੁਰਗੀਆਂ ਤੋਂ ਅਲੱਗ ਕਰੋ। ਮਾੜੀ ਅਤੇ ਮਰੀ ਮੁਰਗੀ ਨੂੰ ਸ਼ੈੱਡ ਵਿੱਚੋਂ ਤੁਰੰਤ ਹਟਾਉਣਾ ਯਕੀਨੀ ਬਣਾਓ।

9. ਕਿਸੇ ਵੀ ਸਮੱਸਿਆ ਵਿੱਚ ਸਿਰਫ਼ ਰਜਿਸਟਰਡ ਵੈਟਨਰੀ ਡਾਕਟਰ ਤੋਂ ਸੁਝਾਅ ਲਵੋ।

ਡ: ਅਮਨਦੀਪ ਸਿੰਘ ਅਤੇ ਡ: ਅਰੁਨਬੀਰ ਸਿੰਘ

# ਪੀਲੀ ਪੈਨਗੁਇਨ



ਫੋਟੋ ਸ੍ਰੋਤ: Kennedy News and Media/Yves Adams)

ਕਾਲੀ ਚਿੱਟੀ ਪੈਨਗੁਇਨ ਤੁਸੀ ਸਭ ਨੇ ਵੇਖੀ ਹੋਣੀ ਹੈ ਪਰ ਇੱਕ ਫੋਟੋਗਰਾਫਰ ਨੇ ਹੁਣ ਇੱਕ ਵਿਲੱਖਣ ਪੈਨਗੁਇਨ ਜੋ ਕਿ ਪੀਲੇ ਰੰਗ ਦੀ ਸੀ ਨੂੰ ਆਪਣੇ ਕੈਮਰੇ ਵਿੱਚ ਕੈਦ ਕੀਤਾ ਹੈ। ਇਹ ਪੀਲੀ ਪੈਨਗੁਇਨ ਦੱਖਣੀ ਜੋਰਜੀਆਂ ਟਾਪੂ ਤੇ ਮਿਲੀ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਮੈਲਾਨਿਨ ਨਾਂ ਦੇ ਕਾਲੇ ਪਦਾਰਥ ਦੇ ਨਾ ਹੋਣ ਦੀ ਵਜਾ ਕਰਕੇ ਹੈ।

# ਗਾਵਾਂ ਵਿੱਚ ਤੂ ਜਾਣ ਨਾਲ ਸਬੰਧਤ ਪ੍ਰਮੁੱਖ ਰੋਗ

| ਕ੍ਰ. ਸੰ. | ਰੋਗ | ਤੂ ਜਾਣ ਦੀ ਦਰ | ਗੱਭ ਦੇ ਮਹੀਨੇ ਜਿਨ੍ਹਾਂ ਵਿੱਚ ਗਾਵਾਂ ਤੂ ਜਾਂਦੀਆਂ ਹਨ | | | | | | | | |
|---|---|---|---|---|---|---|---|---|---|---|---|
| | | | ਪਹਿਲਾ | ਦੂਜਾ | ਤੀਜਾ | ਚੌਥਾ | ਪੰਜਵਾਂ | ਛੇਵਾਂ | ਸੱਤਵਾਂ | ਅੱਠਵਾਂ | ਨੌਵਾਂ |
| 1. | ਬਰੂਸੀਲੋਸਿਸ (ਜੀਵਾਣੂੰ ਰੋਗ) | ਲੱਗਭਗ 80% (ਟੀਕਾਕਰਨ ਰਹਿਤ ਪਸ਼ੂਆਂ ਵਿੱਚ) | | | | | | | ■ | ■ | ■ |
| 2. | ਆਈ.ਬੀ.ਆਰ (ਵਿਸ਼ਾਣੂੰ ਰੋਗ) | 5-60% (ਟੀਕਾਕਰਨ ਰਹਿਤ ਪਸ਼ੂਆਂ ਵਿੱਚ) | | | ■ | ■ | ■ | ■ | ■ | ■ | ■ |
| 3. | ਕੰਪਾਇਲੋਬੈਕਟਰਫੀਟਸ (ਜੀਵਾਣੂੰ ਰੋਗ) | 10% ਤੋਂ ਵੱਧ | | | | ■ | ■ | ■ | ■ | ■ | |
| 4. | ਲੈਪਟੋਸਪਾਈਰੋਸਿਸ (ਜੀਵਾਣੂੰ ਰੋਗ) | 5-40% | | | | | | | ■ | ■ | ■ |
| 5. | ਲਿਸਟੀਰਿਓਸਿਸ (ਜੀਵਾਣੂੰ ਰੋਗ) | ਵਿਰਲਾ | | | | | | | ■ | ■ | ■ |
| 6. | ਟਰਾਈਟਰਾਈਕੋਮੋਨਾ ਸਫੀਟਸ (ਪਰਜੀਵੀ ਰੋਗ) | ਵਿਰਲਾ | ■ | ■ | ■ | ■ | ■ | | | | |
| 7. | ਨਿਓਸਪੋਰਾਕੇਨਾਈਨਮ (ਪਰਜੀਵੀ ਰੋਗ) | ਪਹਿਲੀ ਵਾਰ ਗੱਭਣ ਗਾਵਾਂ ਵਿੱਚ ਜ਼ਿਆਦਾ ਪਇਆ ਜਾਂਦਾ ਹੈ। | | | | ■ | ■ | ■ | | | |
| 8. | ਕਲੈਮਾਇਡਿਓਸਿਸ (ਜੀਵਾਣੂੰ ਰੋਗ) | ਵਿਰਲਾ | | | | | | | | ■ | ■ |

? ਇੰਨ੍ਹਾਂ ਰੋਗਾਂ ਦੀ ਪੁਸ਼ਟੀ ਲਈ ਪਸ਼ੂ ਪਾਲਕਾਂ ਨੂੰ ਆਪਣੇ ਨੇੜਲੇ ਪਸ਼ੂ ਚਕਿਤਸਕ ਦੀ ਸਲਾਹ ਅਨੁਸਾਰ ਪ੍ਰਭਾਵਿਤ ਵਿੱਚ ਪਸ਼ੂਆਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।


? ਰੋਗਾਂ ਤੋਂ ਬਚਾਅ ਲਈ ਪਸ਼ੂਆਂ ਦੀ ਨਿਯਮਿਤ ਜਾਂਚ ਅਤੇ ਰਿਪੋਰਟ ਅਨੁਸਾਰ ਪਸ਼ੂ ਚਕਿਤਸਕ ਦੀ ਸਲਾਹ ਨਾਲ ਉੱਚਿੱਤ ਉਪਰਾਲੇ ਕਰਨੇ ਚਾਹੀਦੇ ਹਨ।

ਨਿਤਿਨਦੇਵ ਸਿੰਘ ਅਤੇ ਹਰਕੀਰਤ ਸਿੰਘ

## ਉੜੀਸਾ ਵਿੱਚ ਹਾਥੀਆਂ ਦੀ ਗੱਲ ਘੋਟੂ ਬਿਮਾਰੀ ਨਾਲ ਮੌਤ

ਉੜੀਸਾ ਦੀ ਕਾਰਲਾਪਤ ਜੰਗਲੀ ਜੀਵ ਰੱਖ ( **Karlapat Wildlife Sanctuary**) ਵਿੱਚ ਸੱਤ ਹਾਥੀਆਂ ਦੀ ਗੱਲ ਘੋਟੂ ਨਾਂ ਦੀ ਬਿਮਾਰੀ ਨਾਲ ਮੌਤ ਹੋ ਗਈ ਹੈ। ਗੱਲ ਘੋਟੂ ਇੱਕ ਜੀਵਾਣੂ "ਪਾਸਚੁਰੈਲਾ ਮਲਟੋਸਿਡਾ" ਦੁਆਰਾ ਹੁੰਦੀ ਹੈ। ਇਹ ਬਿਮਾਰੀ ਮੱਝਾ, ਗਾਂਵਾਂ ਵਿੱਚ ਵੀ ਪਾਈ ਜਾਂਦੀ ਹੈ।ਇਹ ਇੱਕ ਲਾਗ ਦੀ ਬਿਮਾਰੀ ਹੈ ਜਿਹੜੀ ਤੰਦਰੁਸਤ ਵਿੱਚ ਪਸ਼ੂ ਵਿੱਚ ਸਿੱਧੇ ਸੰਪਰਕ ਨਾਲ ਜਾਂ ਦੂਸ਼ਤ ਭੋਜਨ, ਪਾਣੀ ਆਦਿ ਨਾਲ ਹੁੰਦੀ ਹੈ। ਇਸ ਬਿਮਾਰੀ ਵਿੱਚ ਬੁਖਾਰ, ਜਿਆਦਾ ਲਾਰਾਂ ਵਗਣੀਆਂ, ਨੱਕ ਵਿੱਚੋ ਰਸਾਵ,ਔਖੋ ਸਾਹ, ਹੇਠਲੇ ਜਬਾੜੇ ਤੋਂ ਲੈ ਕੇ ਸਾਰੀ ਧੌਣ ਤੇ ਸੋਜ ਹੋਣਾ ਵਰਗੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਬਿਮਾਰੀ ਤੋਂ ਬਚਾਅ ਲਈ ਪਸ਼ੂਆਂ ਨੂੰ ਗੱਲ ਘੋਟੂ ਦਾ ਟੀਕਾ ਜਰੂਰ ਲਗਵਾਉ। ਫਾਰਮ ਤੇ ਬਇਓਸਕਿਉਰਟੀ ਦਾ ਪ੍ਰਬੰਧ ਰੱਖੋ। ਫਾਰਮ ਦੇ ਪਸ਼ੂਆਂ ਦਾ ਅਵਾਰਾ ਪਸ਼ੂਆਂ, ਸੂਰਾਂ ਆਦਿ ਨਾਲ ਸਿੱਧਾ ਸੰਪਰਕ ਨ ਹੋਵੋ।

# ਹਾਂਜੀ, ਸੂਰ ਵੀ ਵੀਡੀਓ ਗੇਮ ਖੇਡ ਸਕਦਾ।



Source:Frontiers in Psychology, 11 February 2021 | https://doi.org/10.3389/fpsyg.2021.631755

ਅਮਰੀਕਾ ਦੀ ਪਰਡੀਊ ਯੂਨਵਰਸਿਟੀ ਨੇ ਹੁਣ ਇਹ ਖੋਜ ਕੀਤੀ ਹੈ ਕਿ ਸੂਰ ਇੱਕ ਬਹੁਤ ਸੂਝਵਾਨ ਪ੍ਰਾਣੀ ਹੈ ਤੇ ਆਪਣੀ ਥੂਥਣੀ ਨਾਲ ਜੁਆਏ ਸਟਿਕ ਚਲਾ ਸਕਦਾ ਹੈ। ਖੋਜ ਦੱਸਦੀ ਹੈ ਸੂਰਾਂ ਨੇ ਇਹ ਗੱਲ ਸਮਝ ਲਈ ਸੀ ਕੀ ਕਿਵੇ ਜੁਆਏ ਸਟਿਕ ਨਾਲ ਕੰਪਿਊਟਰ ਤੇ ਚਲਦੀ ਗੇਮ ਨੂੰ ਖੇਡਣਾ ਹੈ ਤੇ ਕਿਸ ਤਰਾਂ ਅਗਲੇ ਲੈਵਲ ਤੇ ਪੁੰਹਚਣਾ ਹੈ। ਸੁਰੂ ਵਿੱਚ ਇੱਕ ਲੈਵਲ ਪਾਰ ਕਰਨ ਤੇ ਉਹਨਾਂ ਨੂੰ ਖੁਰਾਕੀ ਇਨਾਮ ਦਾ ਲਾਲਚ ਦਿੱਤਾ ਗਿਆ ਪਰ ਬਾਅਦ ਵਿੱਚ ਸੂਰ ਦੀ ਦਿਲਚਿਸਪੀ ਗੇਮ ਵਿੱਚ ਇੰਨੀ ਵੱਧ ਗਈ ਕਿ ਉਹਨਾਂ ਨੇ ਇਨਾਮੀ ਖੁਰਾਕ ਵੱਲ ਧਿਆਨ ਨਹੀ ਦਿੱਤਾ। ਇਹ ਖੋਜ ਸੂਰਾਂ ਦੀ ਭਲਾਈ ਲਈ ਇੱਕ ਨਵਾਂ ਦਿਸਹਿਦਾ ਸਿਰਜੇਗੀ।ਪੁਰਾਣੀਆਂ ਖੋਜਾਂ ਦਸਦੀਆਂ ਹਨ ਕਿ ਸੂਰ ਸਾਇਜ, ਅਕਾਰ,ਰੰਗਤ ਅਤੇ ਮਨੁੱਖੀ ਅਵਾਜ ਨੂੰ ਪਛਾਣ ਦੀ ਸਮਰੱਥਾ ਰੱਖਦਾ ਹੈ।

# ਆਂਡਾ



ਇੱਕ ਆਂਡਾ ਔਸਤ 55-57 ਗ੍ਰਾਮ ਦਾ ਹੁੰਦਾ ਹੈ।

ਆਂਡੇ ਨੂੰ ਮੁੱਖ ਤੌਰ 'ਤੇ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

- ਬਾਹਰਲਾ ਖੋਲ ਜਾਂ ਸ਼ੈਲ (Shell)
- ਅੰਦਰੂਨੀ ਚਿੱਟਾ ਭਾਗ (The Egg White)
- ਜਰਦੀ (The Egg Yole)

ਖੋਲ (Shell) ਆਂਡੇ ਦੇ ਕੁੱਲ ਭਾਰ ਦਾ ਲਗਭਗ 10% ਹਿੱਸਾ ਹੁੰਦਾ ਹੈ।

ਖੋਲ ਕੈਲਸ਼ੀਅਮ ਕਾਰਬੋਨੇਟ ਅਤੇ ਕੈਲਸ਼ੀਅਮ ਫਾਸਫੇਟ ਦਾ ਬਣਿਆ ਹੁੰਦਾ ਹੈ।

ਆਮ ਤੌਰ ਤੇ ਚਿੱਟੀਆਂ ਮੁਰਗੀਆਂ ਚਿੱਟੇ ਆਂਡੇ ਦਿੰਦੀਆਂ ਹਨ ਅਤੇ ਕਾਲੀਆਂ/ਭੂਰੀਆਂ ਮੁਰਗੀਆਂ ਭੂਰੇ ਆਂਡੇ ਦਿੰਦੀਆਂ ਹਨ।

ਭੂਰੇ ਆਂਡੇ ਨੂੰ ਆਮ ਭਾਸ਼ਾ ਵਿੱਚ ਦੇਸੀ ਆਂਡਾ ਵੀ ਕਿਹਾ ਜਾਂਦਾ ਹੈ।



ਚਿੱਟੇ ਅਤੇ ਭੂਰੇ ਆਂਡੇ ਵਿਚਲੇ ਖੁਰਾਕੀ ਤੱਤਾਂ ਵਿੱਚ ਕੋਈ ਅੰਤਰ ਨਹੀਂ ਹੁੰਦਾ।

ਬਸ ਜਿਹੜੇ ਭੂਰੇ ਆਂਡੇ ਘਰੇਲੂ ਮੁਰਗੀ ਪਾਲਣ ਪ੍ਰਣਾਲੀ ਵਿੱਚ ਆਏ ਹੁੰਦੇ ਨੇ ਤੇ ਜਿੱਥੇ ਮੁਰਗਾ ਵੀ ਰੱਖਿਆ ਹੁੰਦਾ ਹੈ ਉਹਨਾਂ ਵਿੱਚ ਚੂਚਾ ਨਿਕਲਣ ਦੀ ਸਮਰੱਥਾ ਹੁੰਦੀ ਹੈ।

**ਅੰਦਰੂਨੀ ਚਿੱਟਾ ਭਾਗ :** ਇਹ ਆਂਡੇ ਦੇ ਕੁੱਲ ਭਾਰ ਦਾ ਲਗਭਗ 60% ਹਿੱਸਾ ਹੁੰਦਾ ਹੈ।

ਜਿਸ ਵਿੱਚ ਐਡਬਿਊਮਨ ਨਾਂ ਦਾ ਪ੍ਰੋਟੀਨ ਹੁੰਦਾ ਹੈ। ਤਾਜ਼ੇ ਦਿੱਤੇ ਆਂਡੇ ਵਿੱਚ ਹਵਾ ਮੌਜੂਦ ਹੋਣ ਕਰਕੇ ਇਹ ਭਾਗ ਦੁਧੀਆ ਹੁੰਦਾ ਹੈ ਤੇ ਹੌਲੀ-ਹੌਲੀ ਵਿੱਚ ਇਹ ਪਾਰਦਰਸ਼ੀ ਹੁੰਦਾ ਜਾਂਦਾ ਹੈ।

**ਜਰਦੀ :** ਇਹ ਆਂਡੇ ਦੇ ਕੁੱਲ ਭਾਰ ਦਾ ਲਗਭਗ 28-30% ਹਿੱਸਾ ਹੁੰਦਾ ਹੈ।

ਇਸ ਵਿੱਚ 2/3 ਹਿੱਸਾ ਫੈਟ ਅਤੇ 1/3 ਹਿੱਸਾ ਪ੍ਰੋਟੀਨ ਹੁੰਦਾ ਹੈ।

ਜੇ ਮੁਰਗੀ ਦੀ ਖੁਰਾਕ ਵਿੱਚ ਪੀਲੀ ਮੱਕੀ, ਗੇਂਦੇ ਦੀਆਂ ਪੱਤੀਆਂ, ਲੂਸਨ ਆਦਿ ਜ਼ਿਆਦਾ ਹੋਵੇ ਤਾਂ ਜਰਦੀ ਗੂੜੀ ਪੀਲੀ ਜਾਂ ਸੰਤਰੀ ਰੰਗ ਵਰਗੀ ਹੁੰਦੀ ਹੈ।

ਘੱਟ ਹੋਣ ਦੀ ਸੂਰਤ ਵਿੱਚ ਜਰਦੀ ਦਾ ਰੰਗ ਫਿੱਕਾ ਪੀਲਾ ਜਾਂ ਫਿੱਕਾ ਪਾਣੀ ਵਰਗਾ ਵੀ ਹੋ ਸਕਦਾ ਹੈ

ਜਦਰੀ ਫੈਟ ਵਿੱਚ ਘੁਲਣਸ਼ੀਲ ਵਿਟਾਮਿਨ ਜਿਵੇਂ ਵਿਟਾਮਿਨ ਏ, ਡੀ ਆਦਿ ਦਾ ਸ੍ਰੋਤ ਹੁੰਦੀ ਹੈ।

# ਵੈਨਾਮੀ ਝੀਂਗਾ ਪਾਲਣ: ਸਫਲ ਖੇਤੀ ਲਈ ਨੁਸਖ਼ੇ

ਪ੍ਰਭਜੀਤ ਸਿੰਘ
ਫਿਸ਼ਰੀਜ ਕਾਲਜ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਖਾਰੇ ਅਤੇ ਸੇਮ ਪ੍ਰਭਾਵਿਤ ਇਲਾਕਿਆਂ ਵਿੱਚ ਵੈਨਾਮੀ ਝੀਂਗੇ ਦੀ ਖੇਤੀ ਨਾਲ ਇਹਨਾਂ ਇਲਾਕਿਆਂ ਦਾ ਸਮਾਜਿਕ ਅਤੇ ਆਰਥਿਕ ਪੱਖੋਂ ਬੜੀ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ। ਪਰ ਝੀਂਗਾ ਪਾਲਣ ਦੇ ਵਾਤਾਵਰਣ ਪੱਖੀ ਟਿਕਾਊ (Sustainable development) ਵਿਕਾਸ ਲਈ ਕੁੱਝ ਜ਼ਰੂਰੀ ਨੁਕਤਿਆਂ ਨੂੰ ਅਮਲ ਵਿੱਚ ਲਿਆਉਣਾ ਬਹੁਤ ਜ਼ਰੂਰੀ ਹੈ।

- ਪੁਰਾਣੇ ਤਲਾਵਾਂ ਦੀ ਤਿਆਰੀ ਸਮੇਂ ਹੇਠਲੀ ਸਤਿਹ ਤੇ ਜਮ੍ਹਾਂ ਹੋਈ ਕਾਲੀ ਮਿੱਟੀ ਨੂੰ ਕੱਢੋ ਅਤੇ ਇਸ ਦੀ ਵਰਤੋਂ ਖੇਤੀ ਵਿੱਚ ਕਰੋ।
- ਸਕਾਉਣ ਤੋਂ ਬਾਅਦ ਜਲਦੀ ਤੋਂ ਜਲਦੀ ਤਲਾਅ ਵਿੱਚ ਪਾਣੀ ਭਰੋ, ਤਾਂ ਜੋ ਹਰੀ ਅਤੇ ਰੇਸ਼ੇਦਾਰ ਕਾਈ ਨਾ ਬਣੇ।
- ਤਲਾਅ ਨੂੰ ਜੀਵਾਣੂ ਮੁਕਤ ਕਰਨ ਲਈ 100 ਕਿੱਲੋ ਪ੍ਰਤੀ ਏਕੜ ਦੇ ਦਰ ਨਾਲ ਬਲੀਚਿੰਗ ਪਾਊਡਰ ਦੀ ਵਰਤੋਂ ਕਰੋ ਅਤੇ ਪਾਣੀ ਭਰਨ ਤੋਂ ਬਾਅਦ ਇਸ ਦੇ ਅਸਰ ਨੂੰ ਘੱਟ ਕਰਨ ਲਈ ਤਲਾਅ ਨੂੰ 5-6 ਦਿਨ ਲਈ ਖਾਲੀ ਛੱਡੋ।
- ਤਲਾਅ ਵਿੱਚ ਹਮੇਸ਼ਾ ਪਾਣੀ ਦੀ ਡੂੰਘਾਈ 1.5 ਮੀਟਰ ਰੱਖੋ।
- ਝੀਂਗੇ ਦੇ ਸਹੀ ਵਾਧੇ ਵਿਕਾਸ ਲਈ ਪਾਣੀ ਦੀ ਗੁਣਵੱਤਾ (ਪੀ.ਐਚ., ਖਾਰਾਪਣ, ਘੁਲੀ ਆਕਸੀਜਨ, ਐਲਕਲੀਨਿਟੀ, ਕਠੋਰਤਾ, ਅਮੋਨੀਆ, ਨਾਈਟ੍ਰਾਈਟ, ਕੈਲਸ਼ੀਅਮ, ਮੈਗਨੀਸ਼ੀਅਮ, ਪੋਟਾਸ਼ੀਅਮ ਆਦਿ) ਦੀ ਨਿਰੰਤਰ ਜਾਂਚ ਕਰੋ ਜਾਂ ਕਰਵਾਓ।
- ਪਾਣੀ ਦੀ ਗੁਣਵੱਤਾ ਨੂੰ ਸਹੀ ਰੱਖਣ ਲਈ ਪਾਣੀ/ਮਿੱਟੀ ਦੇ ਪ੍ਰੋਬਾਇਓਟਿਕ (ਲਾਭਦਾਇਕ ਬੈਕਟੀਰੀਆ) ਦੀ ਵਰਤੋਂ ਕਰੋ।
- ਕੋਸਟਲ ਐਕੁਆਕਲਚਰ ਅਥਾਰਿਟੀ (Coastal Aquaculture Authority) ਦੀ ਮਾਨਤਾ ਪ੍ਰਾਪਤ ਹੈਚਰੀਆਂ ਤੋਂ ਹੀ ਸਪੈਸੀਫਿਕ ਪੈਥੋਜੈਨ ਫਰੀ (ਐਸ.ਪੀ.ਐਫ : SPF)/ਸਪੈਸੀਫਿਕ ਪੈਥੋਜੈਨ ਰਜਿਸਟੈਂਟ (ਐਸ.ਪੀ.ਆਰ : (SPR) PL (ਪੋਸਟ ਲਾਰਵਾ) ਖਰੀਦੋ।
- PL 10-15 ਸਟੇਜ ਵਾਲਾ ਇੱਕੋ ਸਾਈਜ਼ ਅਤੇ ਇੱਕੋ ਰੰਗ ਵਾਲਾ ਚੁਸਤ PL ਖਰੀਦੋ (ਪਾਣੀ ਦੇ ਵਹਾਅ ਦੇ ਵਿਰੁੱਧ ਤੇਜ਼ੀ ਨਾਲ ਤੈਰੇ ਅਤੇ ਉਸ ਦੇ ਰੋਸਟ੍ਰਮ ਦੇ ਉੱਪਰ 4-6 ਕੰਡੇ ਹੋਣ) ਅਤੇ 40-50 PL/ ਵਰਗ ਮੀ. (1.6-2.0 ਲੱਖ/ਏਕੜ) ਦੀ ਦਰ ਨਾਲ ਤਲਾਅ ਵਿੱਚ ਸਟਾਕ ਕਰੋ।
- PL ਨੂੰ ਝੀਂਗੇ ਦੀਆਂ ਮੁੱਖ ਬਿਮਾਰੀਆਂ (EHP, WSSV, IHHVN, MBV, AHPND ਅਤੇ IMNV) ਲਈ ਮਾਨਤਾ ਪ੍ਰਾਪਤ ਤੋਂ ਲੈਬ ਤੋਂ ਜਾਂਚ (Screen) ਜ਼ਰੂਰ ਕਰਵਾਓ।

| ਝੀਂਗਾ ਤਲਾਅ ਤਿਆਰੀ ਕਲੈਂਡਰ | |
|---|---|
| ਦਿਨ-1 | ਪਾਣੀ ਭਰ ਕੇ 2 ਦਿਨ ਛੱਡ ਦਿਓ |
| ਦਿਨ-4 | ਕਲੋਰੀਨੇਸ਼ੇਨ-ਬਲੀਚਿੰਗ ਪਾਊਡਰ ਪਾਓ - 100 ਕਿਲੋ ਪ੍ਰਤੀ ਏਕੜ |
| ਦਿਨ-7 | ਪਰੀਬਾਇਓਟਿਕ ਮੀਡੀਆ ਪਾਓ |
| ਦਿਨ-9 | ਮਿੱਟੀ ਦਾ ਪ੍ਰੋਬਾਇਓਟਿਕ ਪਾਓ |
| ਦਿਨ-11 | ਪਾਣੀ ਦਾ ਪ੍ਰੋਬਾਇਓਟਿਕ ਪਾਓ |
| ਦਿਨ-12 | ਮਿਨਰਲ ਮਿਕਸਚਰ ਪਾਓ |
| ਦਿਨ-13 | ਪਰੀਬਾਇਓਟਿਕ ਮੀਡੀਆ ਪਾਓ |
| ਦਿਨ-15 | ਪੂੰਗ/ਸੀਡ (PL) ਸਟਾਕ ਕਰੋ |

- PL ਦੀ ਸਰਵਾਈਵਲ ਜਾਂਚ ਲਈ ਤਲਾਅ ਵਿੱਚ 40 ਮਿ.ਮੀ.ਮੈਸ਼ (ਮੋਰੀ) ਦੇ ਨਾਈਲੋਨ ਦੇ (2x1x1 ਮੀਟਰ) ਹਾਪੇ ਵਿੱਚ ਗਿਣ ਕੇ 100PL ਪਾਕੇ 96 ਘੰਟੇ ਤੱਕ ਤਲਾਅ ਵਿੱਚ ਰੱਖੋ ਅਤੇ PL ਦੀ ਗਿਣਤੀ ਕਰਕੇ ਪੀ.ਐੱਲ. ਦਾ ਸਰਵਾਈਵਲ ਰੇਟ ਪਤਾ ਕਰੋ।
- ਸਿਰਫ ਉੱਚ ਕੁਆਲਿਟੀ ਦੀ ਆਈ.ਐਸ.ਓ.ਮਾਨਤਾ ਪ੍ਰਾਪਤ ਖੁਰਾਕ ਦੀ ਵਰਤੋਂ ਹੀ ਕਰੋ।
- ਖੁਰਕ ਦੀ ਸੁਚੱਜੀ ਵਰਤੋਂ ਅਤੇ ਝੀਂਗੇ ਦੇ ਵਾਧੇ-ਵਿਕਾਸ ਨੂੰ ਯਕੀਨੀ ਬਣਾਉਣ ਲਈ ਇੱਕ ਏਕੜ ਦੇ ਤਲਾਅ ਵਿੱਚ 4 ਜਾਂਚ ਟਰੇਆਂ ਜ਼ਰੂਰ ਲਗਾਓ।
- ਝੀਂਗੇ ਨੂੰ ਰੋਗਮੁਕਤ ਰੱਖਣ ਲਈ ਫਾਰਮ ਤੇ ਸੁਚੱਜੇ ਬਾਇਓਸੈਕਿਓਰਟੀ ਪ੍ਰਬੰਧ ਜ਼ਰੂਰ ਅਪਣਾਓ।
- ਤਲਾਅ ਵਿੱਚ ਵਰਤੇ ਜਾਣ ਵਾਲੇ ਹਰ ਤਰ੍ਹਾਂ ਦੇ ਉਪਕਰਨਾਂ ਨੂੰ ਵਰਤਣ ਤੋਂ ਪਹਿਲਾਂ ਅਤੇ ਬਾਅਦ ਰੋਗਾਣੂ ਰਹਿਤ (Disinfect) ਜ਼ਰੂਰ ਕਰੋ।
- ਖਾਰੇ ਪਾਣੀ ਦੇ ਝੀਂਗੇ ਲਾਈ ਪੋਟਾਸ਼ੀਅਮ ਦੀ ਇੱਕ ਅਹਿਮ ਭੂਮਿਕਾ ਹੈ। ਤਲਾਅ ਦੇ ਪੋਟਾਸ਼ੀਅਮ ਦੀ ਨਿਰੰਤਰ ਜਾਂਚ ਕਰੋ। ਪਾਣੀ ਵਿੱਚ ਪੋਟਾਸ਼ੀਅਮ ਦੀ ਮਾਤਰਾ ਨੂੰ ਸਹੀ ਰੱਖਣ ਲਈ ਮਾਹਿਰ ਦੀ ਸਲਾਹ ਲਓ।
- ਤਲਾਅ ਤੋਂ ਨਿਕਲੇ ਪਾਣੀ ਅਤੇ ਗਾਰੇ ਦੇ ਵਾਤਾਵਰਣ ਪੱਖੀ ਸੁਰੱਖਿਅਤ ਨਿਪਟਾਰੇ ਲਈ ਸਿਫਾਰਸ਼ੀ ਮਿਆਰਾਂ ਦੀ ਪਾਲਣਾ ਅਤੇ ਪ੍ਰਬੰਧ ਯਕੀਨੀ ਬਣਾਓ।